# ਦਫ.ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ
# ਬਲਾਕ- ਈ ਪੰ.ਸ.ਸਿੱ.ਬੋਰਡ ਕੰਪਲੈਕਸ,ਸੈਕਟਰ-68,ਐਸ.ਏ.ਐਸ.ਨਗਰ

---

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ( ਸੈ.ਸਿ),(**ਨੋਟਿਸ ਬੋਰਡ ਰਾਹੀਂ**)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ),(**ਨੋਟਿਸ ਬੋਰਡ ਰਾਹੀਂ**)
ਸਮੂਹ ਸਕੂਲ ਮੁੱਖੀ {ਸ.ਪ੍ਰ.ਸ,ਸ.ਮਿ.ਸ,ਸ.ਹ.ਸ,ਸ.ਸ.ਸ.ਸ,ਆਦਰਸ਼(ਪੰ.ਸ.ਸਿੱ.ਬੋ.)}
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
ਸਮੂਹ ਡੀ.ਐਮ/ਬੀ.ਐਮ (ਪ.ਪ.ਪ.ਪ)

ਮੀਮੋਨੰ.ਕੇ.ਡਬਲਿਊ 1/1-2016(ਮੁਲਾਂਕਣ)
ਮਿਤੀ: ਐਸ.ਏ.ਐਸ.ਨਗਰ 06-03-2019

**ਵਿਸ਼ਾ: ਪੰਜਵੀਂ ਅਤੇ ਅੱਠਵੀਂ ਜਮਾਤ ਦੇ ਰਾਜ ਪੱਧਰੀ ਲਰਨਿੰਗ ਆਊਟਕੰਮ ਇਵੈਲੂਏਸ਼ਨ ਸਿਸਟਮ ਐਸ.ਏ-2,ਮਾਰਚ 2019 ਮੁਲਾਂਕਣ ਕੰਡਕਟ ਕਰਵਾਉਣ ਲਈ ਹਦਾਇਤਾਂ।**

**ਆਮ ਹਦਾਇਤਾਂ:**

1. ਸੈਸ਼ਨ 2018-19 ਦੌਰਾਨ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਰਾਜ ਪੱਧਰੀ ਲਰਨਿੰਗ ਆਊਟਕੰਮ ਇਵੈਲੂਏਸ਼ਨ ਸਿਸਟਮ ਲਈ ਰਾਜ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਨੂੰ ਸ਼ਾਮਿਲ ਕੀਤੇ ਜਾਣ ਦੀ ਤਜਵੀਜ਼ ਹੈ।ਰਾਜ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਲਈ ਹੀ ਮੁਲਾਂਕਣ ਟੂਲ ਦਫ.ਐਸ.ਸੀ.ਈ.ਆਰ.ਟੀ,ਪੰਜਾਬ ਵੱਲੋਂ ਕੇਂਦਰੀਕ੍ਰਿਤ ਪ੍ਰਣਾਲੀ ਰਾਹੀਂ ਮੁਹਇਆ ਕਰਵਾਏ ਜਾਣਗੇ।ਬਾਕੀ ਰਹਿੰਦੇ ਰਾਜ ਦੇ ਸਾਰੇ ਸਕੂਲ ਐਸ.ਏ-2 ਦੇ ਮੁਲਾਂਕਣ ਟੂਲ ਆਪਣੇ ਪੱਧਰ ਤੇ ਤਿਆਰ ਕਰਨਗੇ ਅਤੇ ਨਤੀਜਾ ਘੋਸ਼ਿਤ ਕਰਨਗੇ।
2. ਪੰਜਵੀਂ ਅਤੇ ਅੱਠਵੀਂ ਜਮਾਤ ਦੇ ਰਾਜ ਪੱਧਰੀ ਲਰਨਿੰਗ ਆਊਟਕੰਮ ਇਵੈਲੂਏਸ਼ਨ ਸਿਸਟਮ ਰਾਹੀਂ ਐਸ.ਏ-2 ਲਿਖਤੀ ਮੁਲਾਂਕਣ 12,ਮਾਰਚ 2019 ਤੋਂ ਕਰਵਾਇਆ ਜਾਵੇਗਾ।
3. ਮੁਲਾਂਕਣ ਲਈ ਸਿਲੇਬਸ ਅਕਤੂਬਰ 2018 ਤੋਂ ਫਰਵਰੀ 2019 ਤੱਕ ਦਾ ਹੋਵੇਗਾ।ਸਮੂਹ ਸਕੂਲ ਮੁੱਖੀ ਨਿੱਜੀ ਪੱਧਰ ਤੇ ਸਿਲੇਬਸ ਦੀ ਵੰਡ ਕਰਦੇ ਹੋਏ ਇਹ ਯਕੀਨੀ ਬਨਾਉਣਗੇ ਕਿ ਸਿਲੇਬਸ ਫਰਵਰੀ 2019 ਤੱਕ ਮੁਕੰਮਲ ਹੋ ਜਾਵੇ ਤਾਂ ਜੋ ਮੁਲਾਂਕਣ 12,ਮਾਰਚ 2019 ਤੋਂ ਕਰਵਾ ਲਿਆ ਜਾ ਸਕੇ।
4. **ਸੈਸ਼ਨ 2018-19 ਦੌਰਾਨ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਐਸ.ਏ-2 ਮੁਲਾਂਕਣ ਲਈ ਮੁਲਾਂਕਣ ਕੇਂਦਰ ਵਿਦਿਆਰਥੀਆਂ ਦੇ ਪਿਤਰੀ ਸਕੂਲਾਂ ਵਿੱਚ ਹੀ ਬਣਾਏ ਜਾਣਗੇ।**
5. ਸੈਸ਼ਨ 2018-19 ਦੌਰਾਨ ਪੰਜਵੀਂ ਅਤੇ ਅੱਠਵੀਂ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਦੇ ਐਸ.ਏ-2 ਮੁਲਾਂਕਣ ਲਈ ਪੰਜਵੀਂ ਜਮਾਤ ਦੇ ਪੰਜ ਵਿਸ਼ੇ ਪੰਜਾਬੀ (ਪਹਿਲੀ ਭਾਸ਼ਾ),ਹਿੰਦੀ ਦੂਜੀ ਭਾਸ਼ਾ,ਅੰਗਰੇਜ਼ੀ,ਗਣਿਤ ਅਤੇ ਵਾਤਾਵਰਨ ;ਇਸੇ ਤਰ੍ਹਾਂ ਅੱਠਵੀਂ ਜਮਾਤ ਦੇ ਛੇ ਵਿਸ਼ੇ ਪੰਜਾਬੀ (ਪਹਿਲੀ ਭਾਸ਼ਾ),ਹਿੰਦੀ ਦੂਜੀ ਭਾਸ਼ਾ,ਅੰਗਰੇਜ਼ੀ,ਗਣਿਤ ,ਵਿਗਿਆਨ ਅਤੇ

ਸਮਾਜਿਕ ਵਿਗਿਆਨ ਦੇ ਮੂਲਾਂਕਣ ਟੂਲ ਦਫ.ਐਸ.ਸੀ.ਈ.ਆਰ.ਟੀ,ਪੰਜਾਬ ਵੱਲੋਂ 20-20 ਦੀ ਪੈਕਿੰਗ ਵਿੱਚ ਮੁਹਇਆ ਕਰਵਾਏ ਜਾਣਗੇ।ਬਾਕੀ ਰਹਿੰਦੇ ਵਿਸ਼ਿਆਂ ਦੇ ਮੁਲਾਂਕਣ ਟੂਲ ਸਕੂਲ ਪੱਧਰ ਤੇ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੇ ਜਾਣਗੇ।ਇਸੇ ਤਰ੍ਹਾਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ (children with Special Needs) ਲਈ ਵੀ ਮੁਲਾਂਕਣ ਟੂਲ ਸਕੂਲ ਪੱਧਰ ਤੇ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੇ ਜਾਣਗੇ।

6. ਸ਼ੈਸ਼ਨ 2018-19 ਦੌਰਾਨ ਪੰਜਵੀਂ ਜਮਾਤ ਦਾ ਐਸ.ਏ -2 ਮੁਲਾਂਕਣ ਸੰਬਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਅਤੇ ਅੱਠਵੀ ਜਮਾਤ ਦਾ ਐਸ.ਏ -2 ਦਾ ਮੁਲਾਂਕਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਕੰਡਕਟ ਕਰਵਾਇਆ ਜਾਵੇਗਾ।

7. ਅੱਠਵੀਂ ਜਮਾਤ ਲਈ ਸੰਬਧਤ ਸਕੂਲ ਦਾ ਸਕੂਲ ਮੁਖੀ/ਇੰਚਾਰਜ ਇਸ ਮੁਲਾਂਕਣ ਲਈ ਕੇਂਦਰ ਇੰਚਾਰਜ ਹੋਣਗੇ ਅਤੇ ਕਲਸਟਰ ਪ੍ਰਿੰਸੀਪਲ ਇਸ ਮੁਲਾਂਕਣ ਦੇ ਕੇਂਦਰ ਕੰਟਰੋਲਰ ਹੋਣਗੇ।ਜੇਕਰ ਕਲੱਸਟਰ ਸਕੂਲ ਦੇ ਪ੍ਰਿੰਸੀਪਲ ਦੀ ਪੋਸਟ ਖਾਲੀ ਹੈ ਤਾਂ ਉਸ ਸਕੂਲ ਦੀਆਂ ਡੀ.ਡੀ.ਓ ਪਾਵਰਜ਼ ਓਪਰੇਟ ਕਰਨ ਵਾਲਾ ਸਕੂਲ ਮੁੱਖੀ ਇਨ੍ਹਾਂ ਮੁਲਾਂਕਣ ਕੇਂਦਰਾਂ ਦਾ ਕੇਂਦਰ ਕੰਟਰੋਲਰ ਹੋਵੇਗਾ।ਕੇਂਦਰ ਕੰਟਰੋਲਰ ਇਸ ਮੁਲਾਂਕਣ ਨੂੰ ਹਰ ਤਰ੍ਹਾਂ ਨਾਲ ਸੁਚਾਰੂ ਢੰਗ ਨਾਲ ਕੰਡਕਟ ਕਰਵਾਉਣਗੇ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲੋੜੀਂਦਾ ਸਹਿਯੋਗ ਦੇਣਗੇ।ਇਸੇ ਤਰਾਂ ਪੰਜਵੀਂ ਜਮਾਤ ਲਈ ਸੈਂਟਰ ਹੈੱਡ ਟੀਚਰ ਕੇਂਦਰ ਇੰਚਾਰਜ ਅਤੇ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕੇਂਦਰ ਕੰਟਰੋਲਰ ਹੋਣਗੇ।ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਇਸ ਮੁਲਾਂਕਣ ਨੂੰ ਹਰ ਤਰ੍ਹਾਂ ਨਾਲ ਸੁਚਾਰੂ ਢੰਗ ਨਾਲ ਕੰਡਕਟ ਕਰਵਾਉਣ ਅਤੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਲੋੜੀਂਦਾ ਸਹਿਯੋਗ ਦੇਣਗੇ।

8. ਕਿਉਂਜੋ ਸ਼ੈਸਨ 2018-19 ਲਈ ਮੁਲਾਂਕਣ ਕੇਂਦਰ ਵਿਦਿਆਰਥੀਆਂ ਦੀ ਸੁਵਿਧਾ ਅਨੁਸਾਰ ਪਿਤਰੀ ਸਕੂਲਾਂ ਵਿੱਚ ਹੀ ਬਣਾਏ ਗਏ ਹਨ ਸੋ ਸਮੂਹ ਵਿਦਿਆਰਥੀਆਂ ਨੂੰ ਇਸ ਮੁਲਾਂਕਣ ਵਿੱਚ ਅਪੀਅਰ ਹੋਣ ਲਈ ਸੰਬਧਤ ਅਧਿਆਪਕ ,ਸਕੂਲ ਮੁੱਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਵੱਲੋਂ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਇਹਨਾਂ ਜਮਾਤਾਂ ਦੇ ਰਾਜ ਦੇ ਸਮੂਹ ਵਿਦਿਆਰਥੀ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਅਧਿਕਾਰ ਐਕਟ,2009 ਦਾ ਪੂਰਾ ਫਾਇਦਾ ਲੈ ਸਕਣ।

9. ਪੰਜਵੀਂ ਜਮਾਤ ਦੇ ਮੁਲਾਕਣ ਪੇਪਰਾਂ ਦੀ ਵੰਡ ਦਾ ਕੰਮ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਵਲੋਂ ਨਿਯੁਕਤ ਨੋਡਲ ਅਫਸਰ ਕਰਣਗੇ।ਅਤੇ ਅੱਠਵੀ ਜਮਾਤ ਦੇ ਮੁਲਾਂਕਣ ਪੇਪਰ ਵੰਡਣ ਦਾ ਕੰਮ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਨਿਯੁਕਤ ਨੋਡਲ ਅਫਸਰ ਕਰਣਗੇ।ਦੋਵਾਂ ਜਮਾਤਾਂ ਦੇ ਕਿਸੇ ਵੀ ਵਿਸ਼ੇ ਦਾ ਪੇਪਰ ਹੋਣ ਤੋਂ ਅਗਲੇ ਦਿਨ ਹੀ ਉਸ ਪੇਪਰ ਦਾ ਮੁਲਾਂਕਣ( ਚੈਕਿੰਗ) ਕੀਤਾ ਜਾਵੇਗਾ ਜਿਸ ਲਈ ਡਿਊਟੀਆਂ ਪਹਿਲਾਂ ਤੋਂ ਹੀ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਸ਼ੈ.ਸਿ/ਐ.ਸਿ.) ਵੱਲੋਂ ਲਗਾਈਆਂ ਜਾਣਗੀਆਂ। ਵਿਦਿਆਰਥੀਆਂ ਦੁਆਰਾ ਹੱਲ ਕੀਤੀਆਂ ਗਈਆਂ ਉੱਤਰ ਪੱਤਰੀਆਂ ਦਾ ਮੁਲਾਂਕਣ ਪੰਜਵੀਂ ਜਮਾਤ ਲਈ ਬਲਾਕ ਪੱਧਰ ਤੇ ਬੀ.ਪੀ.ਓਜ਼ ਦੀ ਅਗਵਾਈ ਵਿੱਚ ਅਤੇ ਅੱਠਵੀਂ ਜਮਾਤ ਦਾ ਕਲੱਸਟਰ ਪੱਧਰ ਤੇ ਕਲੱਸਟਰ ਪ੍ਰਿੰਸੀਪਲ ਦੀ ਅਗਵਾਈ ਵਿੱਚ ਹੋਵੇਗਾ।ਇਹ ਯਕੀਨੀ ਬਣਾਇਆ ਜਾਵੇ ਕਿ ਪੰਜਵੀਂ ਅਤੇ ਅੱਠਵੀਂ ਜਮਾਤ ਦੀ ਉੱਤਰ ਪੱਤਰੀਆਂ ਦੀ ਮਾਰਕਿੰਗ ਸਮੇਂ ਮਾਰਕਿੰਗ ਸਟਾਫ ਦੀ ਨਿਯੁਕਤੀ ਇਸ ਢੰਗ ਨਾਲ ਕੀਤੀ ਜਾਵੇ ਤਾਂ ਜੋ ਉਨ੍ਹਾਂ ਵੱਲੋਂ ਆਪਣੇ ਪੜ੍ਹਾਏ ਹੋਏ ਵਿਦਿਆਰਥੀਆਂ ਦੀਆਂ ਉਤੱਰ ਪੱਤਰੀਆਂ ਇਸ ਮਾਰਕਿੰਗ ਵਿੱਚ ਸ਼ਾਮਿਲ ਨਾ ਹੋ

ਸਕਣ।ਅਣਗਹਿਲੀ ਦੀ ਸੂਰਤ ਵਿੱਚ ਕੇਂਦਰ ਕੰਟਰੋਲਰ ਅਤੇ ਸੰਬਧਤ ਜਿਲ੍ਹਾ ਸਿੱਖਿਆ ਅਫਸਰ ਨਿਰੋਲ ਤੌਰ ਤੇ ਜਿੰਮੇਵਾਰ ਹੋਣਗੇ।

10. ਪੰਜਵੀਂ ਜਮਾਤ ਦਾ ਮੁਲਾਂਕਣ ਪੇਪਰ ਪੂਰਾ ਹੋਣ ਤੇ ਪ੍ਰਸ਼ਨ-ਪੱਤਰ-ਕਮ-ਉਤਰ ਪੱਤਰੀਆਂ ਦਾ ਸੀਲਡ ਪੈਕਟ ਸੰਬਧਤ ਬੀ.ਪੀ.ਈ.ਓ ਕੋਲ ਜਮਾਂ ਹੋਵੇਗਾ।ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ ਨੋਡਲ ਅਫਸਰ ਪੇਪਰ ਇੱਕਤਰ ਕੇਂਦਰ ਬਣਾਉਣਗੇ । ਮੁਲਾਂਕਣ ਪੇਪਰ ਜਮ੍ਹਾਂ ਹੋਣ ਤੋਂ ਅਗਲੇ ਦਿਨ ਹੀ ਉਸਦੀ ਮਾਰਕਿੰਗ ਦਾ ਕੰਮ ਸੁਰੂ ਕਰ ਦਿੱਤਾ ਜਾਵੇ ਤਾਂ ਜੋ ਸਮੇਂ ਸਿਰ ਨਤੀਜਾ ਐਲਾਨਿਆ ਜਾ ਸਕੇ।ਜਿਲ੍ਹਾ ਸਿੱਖਿਆ ਅਫਸਰ (ਐ.ਸਿ.) , ਨੋਡਲ ਅਫਸਰ ਅਤੇ ਬੀ.ਪੀ.ਈ.ਓ. ਦੀ ਸਹਾਇਤਾ ਨਾਲ ਪਹਿਲਾਂ ਹੀ ਮਾਰਕਿੰਗ ਸਟਾਫ ਦਾ ਪ੍ਰਬੰਧ ਕਰ ਲੈਣ ਤਾਂ ਜੋ ਨਤੀਜਾ ਤਿਆਰ ਕਰਨ ਵਿੱਚ ਦੇਰੀ ਨਾ ਹੋ ਸਕੇ।

20. ਅੱਠਵੀਂ ਜਮਾਤ ਦਾ ਮੁਲਾਂਕਣ ਪੇਪਰ ਪੂਰਾ ਹੋਣ ਤੇ ਪ੍ਰਸ਼ਨ-ਪੱਤਰ-ਕਮ-ਉਤਰ ਪੱਤਰੀਆਂ ਦਾ ਸੀਲਡ ਪੈਕਟ ਸੰਬਧਤ ਕਲੱਸਟਰ ਪ੍ਰਿੰਸੀਪਲ ਕੋਲ ਜਮਾਂ ਹੋਵੇਗਾ।ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਨੋਡਲ ਅਫਸਰ ਪੇਪਰ ਇੱਕਤਰ ਕੇਂਦਰ ਬਣਾਉਣਗੇ । ਮੁਲਾਂਕਣ ਪੇਪਰ ਜਮ੍ਹਾਂ ਹੋਣ ਤੋਂ ਅਗਲੇ ਦਿਨ ਹੀ ਉਸਦੀ ਮਾਰਕਿੰਗ ਦਾ ਕੰਮ ਸੁਰੂ ਕਰ ਦਿੱਤਾ ਜਾਵੇ ਤਾਂ ਜੋ ਸਮੇਂ ਸਿਰ ਨਤੀਜਾ ਐਲਾਨਿਆ ਜਾ ਸਕੇ।ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਨੋਡਲ ਅਫਸਰ ਅਤੇ ਕੱਲਸਟਰ ਪ੍ਰਿੰਸੀਪਲ ਦੀ ਸਹਾਇਤਾ ਨਾਲ ਪਹਿਲਾਂ ਹੀ ਮਾਰਕਿੰਗ ਸਟਾਫ ਦਾ ਪ੍ਰਬੰਧ ਕਰ ਲੈਣ ਤਾਂ ਜੋ ਨਤੀਜਾ ਤਿਆਰ ਕਰਨ ਵਿੱਚ ਦੇਰੀ ਨਾ ਹੋ ਸਕੇ।

11. ਪੰਜਵੀਂ ਜਮਾਤ ਦੀ ਪ੍ਰਸ਼ਨ ਪੱਤਰ ਕਮ ਉੱਤਰ ਪੱਤਰੀਆਂ ਦੀ ਮਾਰਕਿੰਗ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਦੀ ਦੇਖ ਰੇਖ ਵਿੱਚ ਬਲਾਕ ਪੱਧਰ ਤੇ ਪ੍ਰਾਇਮਰੀ ਅਧਿਆਪਕਾਂ ਦੁਆਰਾ ਕੀਤੀ ਜਾਵੇਗੀ।ਅੱਠਵੀਂ ਕਲਾਸ ਦੀ ਪ੍ਰਸ਼ਨ ਪੱਤਰ ਕਮ ਉੱਤਰਪਤੱਰੀਆਂ ਦੀ ਮਾਰਕਿੰਗ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਦੀ ਦੇਖਰੇਖ ਵਿੱਚ ਕਲੱਸਟਰ ਪੱਧਰ ਤੇ ਹੋਵੇਗੀ।ਪੜ੍ਹੋ ਪੰਜਾਬ,ਪੜ੍ਹਾਓ ਪੰਜਾਬ ਪ੍ਰੋਜੈਕਟ ਅਧੀਨ ਕੰਮ ਕਰ ਰਹੇ ਸਮੂਹ ਡੀ.ਐਮ ਅਤੇ ਬੀ.ਐਮ ਇਸ ਮੁਲਾਂਕਣ ਦੇ ਕੰਡਕਸ਼ਨ ਅਤੇ ਮਾਰਕਿੰਗ ਦੀ ਮੋਨਿਟਰਿੰਗ ਕਰਨਗੇ।

12. ਲਿਖਣ ਤੋਂ ਅਸਮਰੱਥ ਵਿਦਿਆਰਥੀਆਂ ਲਈ ਸਹਾਇਕ ਲਿਖਾਰੀ ਵੱਜੋਂ ਪੰਜਵੀਂ ਜਮਾਤ ਲਈ ਚੌਥੀ ਜਮਾਤ ਵਿੱਚ ਪੜ੍ਹ ਰਿਹਾ ਵਿਦਿਆਰਥੀ ਅਤੇ ਅੱਠਵੀਂ ਜਮਾਤ ਲਈ ਸੱਤਵੀਂ ਜਮਾਤ ਦਾ ਵਿਦਿਆਰਥੀ ਸੰਬਧਤ ਜਿਲ੍ਹਾ ਸਿੱਖਿਆ ਅਫਸਰ ਦੀ ਪੂਰਵ ਪ੍ਰਵਾਨਗੀ ਨਾਲ ਲਿਆ ਜਾ ਸਕਦਾ ਹੈ।ਵਿਸ਼ੇਸ਼ ਹਾਲਾਤਾਂ ਵਿੱਚ ਇਹ ਪ੍ਰਵਾਨਗੀ ਸੰਬਧਤ ਕੇਂਦਰ ਕੰਟਰੋਲਰ / ਕੇਂਦਰ ਸੁਪਰਡੰਟ ਤੋਂ ਸੰਬਧਤ ਜਿਲ੍ਹਾ ਸਿੱਖਿਆ ਅਫਸਰ ਦੇ ਧਿਆਨ ਵਿੱਚ ਲਿਆ ਕੇ ਲਈ ਜਾਵੇਗੀ ।

**ਨਤੀਜਾ ਤਿਆਰ ਕਰਨ ਸੰਬਧੀ ਹਦਾਇਤਾਂ:**

13. ਪੰਜਵੀਂ ਜਮਾਤ ਲਈ ਬਲਾਕ ਪੱਧਰ ਤੇ ਅਤੇ ਅੱਠਵੀਂ ਜਮਾਤ ਲਈ ਕਲੱਸਟਰ ਪੱਧਰ ਤੇ ਮਾਰਕਿੰਗ ਉਪਰੰਤ ਵਿਦਿਆਰਥੀ ਵੱਲੋਂ ਪ੍ਰਾਪਤ ਅੰਕ epunjabschool.gov.in ਤੇ ਸੰਬਧਤ ਸਕੂਲ ਦੀ school/office Login id ਜੋਕਿ ਪਹਿਲਾਂ ਤੋਂ ਹੀ ਅਲਾਟ ਕੀਤੀ ਗਈ ਹੈ ਤੇ ਅਪਲੋਡ ਕੀਤਾ ਜਾਵੇਗਾ।ਇਹ ਅੰਕ ਇਸ ਪੋਰਟਲ ਤੇ ਮਿਤੀ 28-03-2019 ਤੱਕ ਹਰ ਹਾਲਤ ਵਿੱਚ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਮਿਤੀ 30-03-2019 ਨੂੰ ਨਤੀਜਾ ਤਿਆਰ ਕੀਤਾ ਜਾ ਸਕੇ।ਮਿਤੀ 30-03-2019 ਨੂੰ ਇਸੇ ਪੋਟਰਲ ਤੇ ਵਿਦਿਆਰਥੀਆਂ ਦੇ ਈ ਸਰਟੀਫਿਕੇਟ ਉਪੱਬਧ ਹੋਣਗੇ ਜੋ ਕਿ ਇਸੇ ਦਿਨ ਮਾਪੇ ਅਧਿਆਪਕ ਮਿਲਣੀ

ਦੌਰਾਨ ਸਕੂਲ ਮੁਖੀ ਅਤੇ ਜਮਾਤ ਇੰਚਾਰਜ ਵੱਲੋਂ ਪ੍ਰਤੀ ਹਸਤਾਖਰ ਕਰਕੇ ਵਿਦਿਆਰਥੀਆਂ ਨੂੰ ਦੇਣਾ ਯਕੀਨੀ ਬਣਾਇਆ ਜਾਵੇ।

14. ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਰਾਜਪੱਤਰ (ਅਸਧਾਰਨ) ਰਜਿ.ਨੰ ਡੀ.ਐਲ-(ਐਨ) 04/0007/2003-09 ਮਿਤੀ 28-08-2009 ਅਨੁਸਾਰ ਐਲੀਮੈਂਟਰੀ ਐਜੂਕੇਸ਼ਨ ਲਈ The Right of Children To Free And Compulsory Education Act,2009 ਰਾਹੀਂ ਮੁਫਤ ਅਤੇ ਲਾਜਮੀ ਕਰਾਰ ਦਿੱਤਾ ਗਿਆ ਸੀ ਜਿਸ ਅਨੁਸਾਰ ਪਹਿਲੀ ਤੋਂ ਅੱਠਵੀਂ ਜਮਾਤ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦਾ ਬਾਹਰੀ ਇਮਤਿਹਾਨ ਲੈਕੇ ਫੇਲ ਕਰਨ ਤੋਂ ਮਨਾਹੀ ਸੀ ਅਤੇ ਕਿਸੇ ਵੀ ਕਿਸਮ ਦੀ ਫੀਸ ਲੈਣ ਤੋਂ ਵੀ ਮਨਾਹੀ ਸੀ।ਇਸ ਦੀ ਲਗਾਤਾਰਤਾ ਵਿੱਚ ਪੰਜਾਬ ਸਰਕਾਰ ਦੇ ਰਾਜ ਪੱਤਰ ਨੰ. G.S.R 69/C.A35/2009/S.38/2011 ਮਿਤੀ 10-10-2011 ਰਾਹੀ The Right of Children To Free And Compulsory Education Act,2009 ਦਾ ਨੋਟਿਫਿਕੇਸ਼ਨ ਜਾਰੀ ਕੀਤਾ ਗਿਆ।ਇਸ ਐਕਟ ਦੇ ਜਾਰੀ ਹੋਣ ਨਾਲ ਵਿਦਿਆਰਥੀਆਂ ਵਿੱਚ ਫੇਲ ਨਾ ਹੋਣ ਦਾ ਡਰ ਖਤਮ ਹੋ ਗਿਆ।ਐਸ.ਸੀ.ਈ.ਆਰ.ਟੀ ,ਪੰਜਾਬ ਵੱਲੋਂ ਇੱਕ ਨਵਾਂ ਉਪਰਾਲਾ ਕਰਦੇ ਹੋਏ 5ਵੀਂ ਅਤੇ ਅੱਠਵੀਂ ਜਮਾਤਾਂ ਦਾ ਲਰਨਿੰਗ ਆਊਟਕਮ ਸਿਸਟਮ ਰਾਹੀਂ ਇਮਤਿਹਾਨਾਂ ਦੀ ਥਾਂ ਤੇ ਐਸ.ਏ -2 ਮੁਲਾਂਕਣ ਸਾਲ 2014 ਤੋਂ ਸ਼ੁਰੂ ਕੀਤਾ ਗਿਆ ਸੀ ਇਸ ਵਿੱਚ ਆਸ਼ਿਕ ਸੋਧ ਕਰਦੇ ਹੋਏ ਮੌਜੂਦਾ ਸ਼ੈਸ਼ਨ ਤੋਂ ਗਰੇਡ ਦੀ ਥਾਂ ਤੇ ਅੰਕ ਦਿੱਤੇ ਜਾਣਗੇ ਅਤੇ ਪਾਸ ਹੋਣ ਲਈ ਘੱਟੋਂ ਘੱਟ 33% ਅੰਕ ਲੈਣੇ ਹੋਣਗੇ। Result Creteria ਜਲਦ ਹੀ ਤੈਅ ਕੀਤਾ ਜਾਵੇਗਾ।

15. ਵੱਖ ਵੱਖ ਸਿੱਖਿਆ ਸ਼ਾਸਤਰੀਆਂ ਦੀ ਮੰਗ ਅਨੁਸਾਰ ਹਾਲ ਹੀ ਵਿੱਚ ਭਾਰਤ ਸਰਕਾਰ ਦੇ ਰਾਜਪੱਤਰ (ਅਸਧਾਰਨ) ਰਜਿ.ਨੰ ਡੀ.ਐਲ-(ਐਨ) 04/0007/2003-19 ਮਿਤੀ 10-01-2019 ਅਨੁਸਾਰ The Right of Children To Free And Compulsory Education.2009 ਵਿੱਚ ਇਸ ਪ੍ਰਕਾਰ ਸੋਧ ਹੋਈ ਹੈ:

**The Right of Children To Free And Compulsory Education(Amendment) Act,2019( No.1 of 2019)**

An Act Further to amend the Right of Children To Free And Compulsory Education(Amendment) Act,2019

Be it enacted by Parliament in Sixty-ninth year of Republic of india as follow:-

3. (1) This act may be called the Right of Children To Free And Compulsory Education(Amendment) Act,2019.

   (2) It shall come into force on such date as the Central Government may ,by notification in the official Gazette appoint.

2. In the Right of Children To Free And Compulsory Education

(Amendment) Act,2019(hereinafter referred to as the Principal Act,for section16,the following section shall be substituted namely

"16.(1) There shall be a regular examination in the fifth and in the eight class at the end of every academic year.

(2) If a child fails in the examination referred to in sub section(1) He shall be given additional instructions and granted opportunity for re examination within a period of two months from the date of declaration of the result. As the result declare on 31st March every yearand therefore re-examination would be held on 1st week of June. In case a child doesnot pass even in this examination,the School Head can hold back the child in the 5th and 8th class.

(3) The appropriate Government may allow schools to hold back a child in the 5th class or in the 8th class or in both classes.in such manner and subject to such conditions as may be prescribed,if fails in the re examination referred to in sub section(2)

Provided that appropriate government may decide not to hold back a child in any class till the completion of elementary education.

(4) No child shall be expelled from school till the completion of elementary education.

ਉਕਤ ਸੋਧ ਮੌਜੂਦਾ ਸ਼ੈਸ਼ਨ ਤੋਂ ਹੀ ਲਾਗੂ ਹੋਵੇਗੀ।

ਸ਼੍ਰੀ ਇੰਦਰਜੀਤ ਸਿੰਘ
ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ

ਪਿਠਅੰਕਣ ਨੰ: ਉਕਤ ਮਿਤੀ: ਐਸ.ਏ.ਐਸ ਨਗਰ 06-03-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1.ਨਿੱਜੀ ਸਕੱਤਰ ,ਸਕੱਤਰ ਸਕੂਲ ਸਿੱਖਿਆ ਵਿਭਾਗ,ਪੰਜਾਬ
2.ਨਿੱਜੀ ਸਕੱਤਰ , ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ

ਮੁਲਾਂਕਣ ਅਫਸਰ
ਦਫ. ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ